ਬਾਲ ਬਗੀਚਾ
ਕਿਆਰੀ ਫੁੱਲ
ਤੀਜੀ ਪੌਦਾ

G. 981

ਬਾਲਕਾਂ ਦੇ ਗੀਤ

ਬ੍ਰਿਜ ਲਾਲ ਸ਼ਾਸਤ੍ਰੀ

ਬਾਲਕਾਂ ਦੇ ਗੀਤ

ਲੇਖਕ

ਪ੍ਰੋਫ਼ੈਸਰ ਬ੍ਰਿਜ ਲਾਲ ਜੀ ਸ਼ਾਸਤ੍ਰੀ
ਐਮ.ਏ., ਐਮ.ਓ.ਐਲ.

ਪ੍ਰਕਾਸ਼ਕ

ਪੰਜਾਬੀ ਕਿਤਾਬ ਘਰ ਅੰਮ੍ਰਿਤਸਰ

੧੯੩੩

ਗੁਰੂ ਖ਼ਾਲਸਾ ਪ੍ਰੈਸ ਹਾਲ ਬਾਜ਼ਾਰ ਅੰਮ੍ਰਿਤਸਰ ਵਿਚ
ਸ: ਪ੍ਰੀਤਮ ਸਿੰਘ ਮੈਨੇਜਰ ਤੇ ਪ੍ਰਿੰਟਰ ਦੇ ਪ੍ਰਬੰਧ ਹੇਠ ਛਪੇ।

17380

ਜਾਣ-ਪਛਾਣ

ਇਸ ਨਵੇਂ ਢੰਗ ਦੀ ਨਿੱਕੀ ਜਹੀ ਪੋਥੀ ਦੇ ਕਰਤਾ ਸ੍ਰੀ ਮਾਨ ਪ੍ਰੋਫ਼ੈਸਰ ਬ੍ਰਿਜ ਲਾਲ ਸਾਹਿਬ ਸ਼ਾਸਤ੍ਰੀ ਐਮ. ਏ. ਨਾਲ ਪਾਠਕਾਂ ਦੀ ਜਾਣ ਪਛਾਣ ਜ਼ਰੂਰੀ ਨਹੀਂ ਵੀ ਤੇ ਹੈ ਵੀ । ਪੰਜਾਬੀ ਦੇ ਸਾਰੇ ਵਿੱਦਵਾਨ ਤੇ ਅਖ਼ਬਾਰਾਂ ਰਿਸਾਲਿਆਂ ਦੇ ਆਮ ਪਾਠਕ ਤਾਂ ਆਪ ਦੀ ਸੁੰਦਰ ਲੇਖਣੀ ਦੇ ਮਨਮੋਹਣੇ ਚਮਤਕਾਰਾਂ ਤੋਂ ਚੰਗੀ ਤਰ੍ਹਾਂ ਜਾਣੂ ਹਨ, ਪਰ ਜਿਨ੍ਹਾਂ ਬੱਚਿਆਂ ਤੇ ਬੱਚੀਆਂ ਲਈ ਇਹ ਪੋਥੀ ਰਚੀ ਗਈ ਹੈ, ਓਹਨਾਂ ਨੂੰ ਇਹ ਦੱਸਣਾ ਜ਼ਰੂਰੀ ਹੈ ਕਿ ਉਕਤ ਪ੍ਰੋਫ਼ੈਸਰ ਸਾਹਿਬ ਨੇ ਇਹ ਪੁਸਤਕ ਰਚਣ ਵਿਚ ਖ਼ਾਸ ਕੁਰਬਾਨੀ ਤੇ ਮਿਹਨਤ ਕੀਤੀ ਹੈ। ਕੁਰਬਾਨੀ ਇਸ ਲਈ ਕਿ ਆਪ ਨੇ ਆਪਣੇ ਬਰਾਬਰ ਦੇ ਉੱਚ ਵਿਦਵਾਨਾਂ ਲਈ ਪੁਸਤਕ ਰਚਣ ਦੀ ਥਾਂ ਖ਼ੁਦ ਆਪਣੇ ਉੱਚ ਆਸਣ ਤੋਂ ਨੀਵੇਂ ਹੋ ਕੇ ਬੱਚਿਆਂ ਨੂੰ ਗੋਦੀ ਚੁੱਕਿਆ ਹੈ, ਤੇ ਮਿਹਨਤ ਇਸ ਲਈ ਕਿ ਆਪ ਵਰਗੇ ਉੱਚ ਵਿਦਵਾਨ ਤੇ ਲਿਖਾਰੀ ਲਈ ਔਖੀਆਂ ਪੁਸਤਕਾਂ ਲਿਖਣੀਆਂ ਬਿਲਕੁਲ ਸੁਖਾਲਾ ਕੰਮ ਹੈ, ਪਰ ਬੱਚਿਆਂ ਲਈ ਏਹੋ ਜਹੀਆਂ ਸੌਖੀਆਂ ਚੀਜ਼ਾਂ ਰਚਣੀਆਂ ਬਹੁਤ ਔਖਾ ਕੰਮ ਹੈ, ਕਿਉਂਕਿ ਅਜੇਹੀ ਰਚਨਾ ਉੱਤੇ ਖ਼ਾਸ ਮਿਹਨਤ ਕਰਨੀ ਪੈਂਦੀ ਹੈ ।

ਮੈਨੂੰ ਪਹਿਲੇ ਪਹਿਲ ਸ਼ਾਇਦ ਸੰਨ ੧੯੧੬ ਯਾ ੧੯੧੭ ਵਿਚ ਆਪਦੀ ਅਦਭੁਤ ਰਚਨਾ 'ਪੂਰਨ ਨਾਟਕ' ਪੜ੍ਹਨ ਦਾ ਅਵਸਰ ਮਿਲਿਆ ਸੀ ਤੇ ਮੈਂ ਓਦੋਂ ਹੀ ਕਹਿ ਦਿੱਤਾ ਸੀ ਕਿ ਇਸ ਨਾਟਕ ਦੇ ਕਰਤਾ ਜੀ ਦੀ ਲੇਖਣੀ ਪੰਜਾਬੀ ਵਿਚ ਇਕ ਵੱਖਰਾ ਤੇ ਖ਼ਾਸ ਕਦਰਯੋਗ ਰੰਗ ਪੈਦਾ ਕਰੇਗੀ। ਸੋ ਉਸ ਤੋਂ ਬਾਦ ਆਪ ਨੇ 'ਉਦੈਨ ਨਾਟਕ' 'ਸਾਵਿਤ੍ਰੀ ਸੁਕੰਨਯਾ' ਆਦਿ ਰਚ ਕੇ ਕਲਮ ਦੀਆਂ ਓਹ ਅਦੁਤੀ ਕਾਰੀਗਰੀਆਂ ਦੱਸੀਆਂ ਕਿ ਬੜੇ ਬੜੇ ਵਿਦਵਾਨ ਵਾਹ ਵਾਹ ਕਰ ਉੱਠੇ। ਫਿਰ ਜਦੋਂ ਆਪ ਨੇ ਆਪਣੀ ਮਨੋਹਰ ਕਲਮ ਦੀ ਵਾਗ ਬਾਲਾਂ ਦੇ ਲਾਭ ਲਈ ਮੋੜੀ ਤਾਂ ਭੀ ਵੈਸਾ ਹੀ ਕਮਾਲ ਕਰ ਦਿਖਾਇਆ।

ਇਸ ਪੁਸਤਕ ਵਿਚ ਆਪ ਦੀਆਂ ੩੨ ਕਵਿਤਾਵਾਂ ਹਨ। ਭਾਵੇਂ ਆਪ ਨੇ ਤਾਂ ਇਹ ਗਿਣਤੀ ਕਿਸੇ ਖ਼ਾਸ ਖ਼ਿਆਲ ਨਾਲ ਨਹੀਂ ਰੱਖੀ ਹੋਣੀ, ਪਰ ਮਲੂਮ ਇਓਂ ਹੁੰਦਾ ਹੈ ਕਿ ਵਿਧਾਤਾ ਨੇ ਜ਼ਰੂਰ ਇਹ ੩੨ ਕਵਿਤਾਵਾਂ ਇਸ ਭਾਵ ਨਾਲ ਜੁੜਵਾਈਆਂ ਹਨ ਕਿ ਇਹਨਾਂ ਨੂੰ ਪੜ੍ਹਨ ਵਾਲਾ ਹਰੇਕ ਬਾਲ 'ਬੱਤੀ ਸੁਲੱਖਣਾ' ਬਣ ਜਾਵੇ।

ਸਾਰੀਆਂ ਕਵਿਤਾਵਾਂ ਦੇ ਛੰਦ ਬੱਚਿਆਂ ਦੇ ਖ਼ਾਸ ਮਨਭਾਉਣੇ, ਪੜ੍ਹਨ ਤੇ ਗਾਉਣ ਵਿੱਚ ਸੁਖਾਲੇ ਤੇ ਪਿਆਰੇ, ਬੋਲੀ ਮਿੱਠੀ ਤੇ ਸਾਦੀ, ਭਾਵ ਸੁਖੈਨ ਤੇ ਸਪਸ਼ਟ ਅਰ ਕਹਾਣੀਆਂ ਸੁਆਦਲੀਆਂ ਤੇ ਮਜ਼ੇਦਾਰ ਹਨ । ਪੰਜਾਬੀ ਵਿੱਚ ਇਹ ਰਚਨਾ ਆਪਣੇ ਢੰਗ ਦੀ ਬਿਲਕੁਲ ਨਵੀਂ ਹੈ

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.